Tender Heart High School Sec- 33 B Chd.

Class- 10 Teacher- Ramandeep Kaur

Topic- ਚੰਦੋਆ (ਕਹਾਣੀ) Assignment no - ② Term-I

ਸ਼ੁੱਭ ਸਵੇਰ

ਵਿਦਿਆਰਥੀਓ ਅੱਜ ਅਸੀਂ ਦਸਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਚੰਦੋਆ' ਪੰਨਾ ਨੰਬਰ 61, ਪਾਠ-9 ਜੋ ਕਿ ਪਾਠ ਪੁਸਤਕ 'ਸਾਹਿਤ ਕਥਾ ਸੰਵੇਦਨਾ' ਵਿੱਚ ਦਰਜ ਹੈ, ਬਾਰੇ ਵਿਚਾਰ ਵਿਮਰਸ਼ ਕਰਾਂਗੇ।

ਉਮੀਦ ਹੈ ਸਾਰੇ ਵਿਦਿਆਰਥੀ 'ਚੰਦੋਆ' ਕਹਾਣੀ ਦਾ ਵਿਸ਼ਾ ਸੁਣਨ ਲਈ ਤਿਆਰ ਹਨ। ਹੁਣ ਅਸੀਂ ਇਸ ਬਾਰੇ ਅੱਗੇ ਪੜ੍ਹਦੇ ਹਾਂ। ਅਸੀਂ ਪਿਛਲੇ ਹਫ਼ਤੇ ਵਿਚਾਰਿਆ ਸੀ ਕਿ ਜੀਊਣ ਸਿੰਘ ਆਪਣੇ ਪਰਿਵਾਰ ਸਮੇਤ ਆਪਣੀ ਯਾਤਰਾ ਅਰੰਭ ਕਰਦਾ ਹੈ। ਉਸਦੀ ਪਤਨੀ ਨੂੰ ਖਰਚੇ ਦੀ ਚਿੰਤਾ ਹੈ ਪਰ ਜੀਊਣ ਸਿੰਘ ਨੂੰ ਆਪਣੇ ਸਾਲੇ ਤੇ ਪੂਰਾ ਭਰੋਸਾ ਹੈ। ਹੁਣ ਅਸੀਂ ਵਿਚਾਰਾਂਗੇ ਕੀ ਇਸ ਪਰਿਵਾਰ ਨਾਲ ਕੀ ਬੀਤਦੀ ਹੈ।

ਜੀਊਣ ਸਿੰਘ ਹਮੇਸ਼ਾਂ ਹੀ ਨੀਂਦ ਦਾ ਭੁੱਖਾ ਰਹਿੰਦਾ ਸੀ। ਉਸਤੇ ਜ਼ਿੰਮੇਦਾਰੀਆਂ ਦਾ ਬੋਝ ਹੀ ਐਨਾ ਸੀ ਕਿ ਉਸਦੀ ਨੀਂਦ ਪੂਰੀ ਨਹੀਂ ਸੀ ਹੁੰਦੀ। ਉਸਨੂੰ ਜਦੋਂ ਵੀ ਸਮਾਂ ਮਿਲਦਾ ਉਹ ਆਪਣੀ ਨੀਂਦ ਪੂਰੀ ਕਰਨ ਦੀ ਸੋਚਦਾ। ਸਾਰੀ - ਸਾਰੀ ਰਾਤ ਤਾਂ ਉਹ ਇੰਜਣ ਵਿੱਚ ਕੋਲਿਆਂ ਨਾਲ ਘੁਲਦਾ ਰਹਿੰਦਾ ਅਤੇ ਘਰ ਪਹੁੰਚਦਿਆਂ ਹੀ ਉਸਨੂੰ ਗ੍ਰਿਹਸਤੀ ਜੀਵਨ ਦੀਆਂ ਜ਼ਿੰਮੇਵਾਰੀਆਂ ਘੇਰ ਲੈਂਦੀਆਂ। ਉਹ ਕਦੇ ਵੀ ਚੈਨ ਦੀ ਨੀਂਦ ਨਹੀਂ ਸੀ ਸੌਂ ਸਕਿਆ। ਅੱਜ ਗੱਡੀ ਵਿੱਚ ਰੱਜ ਕੇ ਸੌਂ ਰਿਹਾ ਸੀ ਕਿਉਂਕਿ

Class-10 Teacher- Ramandeep Kaur
Topic- ਚੰਦੋਆ (ਕਹਾਣੀ) Assignment- ② Term-I

ਉਹ ਹਰ ਜ਼ਿੰਮੇਵਾਰੀ ਤੋਂ ਬੇਫਿਕਰ ਸੀ। ਅੱਜ ਉਸਦਾ ਮਨ ਵੀ ਸ਼ਾਂਤ ਸੀ। ਉਸਨੂੰ ਆਪਣੇ ਮਾਮੇ ਦੀ ਕੋਠੀ ਵਿੱਚ ਨਰਮ-ਨਰਮ ਬਿਸਤਰੇ ਦਾ ਖਿਆਲ ਆ ਗਿਆ ਸੀ ਕਿ ਉੱਥੇ ਜਾ ਕੇ ਉਹ ਮੌਜ ਕੇ ਸੌਂਵੇਗਾ ਅਤੇ ਆਪਣੀ ਥਕਾਵਟ ਉਤਾਰੇਗਾ। ਉਸਨੂੰ ਉਮੀਦ ਸੀ ਕਿ ਮਾਮੇ ਘਰ ਉਸਦੀ ਚੰਗੀ ਸੇਵਾ ਹੋਵੇਗੀ ਅਤੇ ਉਸਨੂੰ ਕਿਸੇ ਚੀਜ਼ ਦੀ ਚਿੰਤਾ ਕਰਨ ਦੀ ਲੋੜ ਨਹੀਂ ਪਵੇਗੀ।

ਵਿਚਾਰੇ ਗਏ ਪਾਠ ਦੇ ਆਧਾਰ ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

ਪ੍ਰ:1 ਜੀਊਣ ਸਿੰਘ ਦੀ ਨੀਂਦ ਪੂਰੀ ਕਿਉਂ ਨਾ ਹੁੰਦੀ?

ਪ੍ਰ:2 ਜੀਊਣ ਸਿੰਘ ਸੁੱਤਾ ਪਿਆ ਕੀ ਸੁਪਨੇ ਲੈ ਰਿਹਾ ਸੀ?

ਉਮੀਦ ਹੈ ਪੰਜ ਮਿੰਟ ਦੀ ਬਰੇਕ ਤੋਂ ਬਾਅਦ ਤੁਸੀਂ ਸਾਰਿਆਂ ਨੇ ਉੱਤਰ ਲਿਖ ਲਏ ਹੋਣਗੇ। ਪਹਿਲਾਂ ਅਸੀਂ ਉੱਤਰ 1 ਅਤੇ ਉੱਤਰ 2 ਵਿਚਾਰਾਂਗੇ ਅਤੇ ਫਿਰ ਕਹਾਣੀ ਬਾਰੇ ਅੱਗੇ ਪੜ੍ਹਾਂਗੇ।

ਉੱਤਰ। ਜੀਊਣ ਸਿੰਘ ਚਾਹ ਕੇ ਵੀ ਨੀਂਦ ਪੂਰੀ ਨਹੀਂ ਸੀ ਕਰ ਸਕਦਾ ਕਿਉਂਕਿ ਰਾਤ ਨੂੰ ਆਪਣੀ ਡਿਊਟੀ ਨਿਭਾਉਂਦਾ ਅਤੇ ਜਦੋਂ ਘਰ ਪਰਤਦਾ ਤਾਂ ਜ਼ਿੰਮੇਵਾਰੀਆਂ ਦਾ ਬੋਝ ਉਸਤੇ ਪੈ ਜਾਂਦਾ। ਅਜਿਹੀ ਚਿੰਤਾ ਵਿੱਚ ਉਹ ਉਨੀਂਦਰਾ ਹੀ ਰਹਿੰਦਾ।

Class- 10 Teacher- Ramandeep Kaur
Topic- ਚੰਦੋਆ (ਕਹਾਣੀ) Assignment no-② Term-I

ਉੱਤਰ2 ਜੀਊਣ ਸਿੰਘ ਸੁੱਤਾ ਪਿਆ ਇਹ ਸੁਪਨੇ ਲੈ ਰਿਹਾ ਸੀ ਕਿ ਮਾਮੇ ਘਰ ਜਾ ਕੇ ਉਸਨੂੰ ਕਿਸੇ ਚੀਜ਼ ਦੀ ਕਮੀ ਨਹੀਂ ਹੋਵੇਗੀ। ਉਹ ਨਰਮ-ਨਰਮ ਬਿਸਤਰੇ ਤੇ ਨਿਸ਼ਚਿੰਤ ਸੌਂਵੇਗਾ ਅਤੇ ਆਪਣੀ ਨੀਂਦ ਪੂਰੀ ਕਰੇਗਾ।

ਹੁਣ ਅਸੀਂ ਵਿਚਾਰਦੇ ਹਾਂ ਕਿ ਜੀਊਣ ਸਿੰਘ ਨਾਲ ਅੱਗੇ ਕੀ ਵਾਪਰਦਾ ਹੈ। ਗੱਡੀ ਦੇ ਝਟਕੇ ਨਾਲ ਜੀਊਣ ਸਿੰਘ ਦੇ ਖਿਆਲਾਂ ਦੀ ਲੜੀ ਟੁੱਟਦੀ ਹੈ। ਉਹ ਜਾਗੋ-ਮੀਟੀ ਨੀਂਦ ਵਿੱਚ ਗੁਰੂ ਘਰ ਦੇ ਸੁਪਨੇ ਲੈ ਰਿਹਾ ਸੀ। ਉਹ ਆਪਣੇ ਬੱਚਿਆਂ ਸਮੇਤ ਗੁਰੂ ਘਰ ਚੰਦੋਆ ਭੇਂਟ ਕਰ ਰਿਹਾ ਸੀ ਕਿ ਅਚਾਨਕ ਉਸਦੀ ਲੜੀ ਟੁੱਟਦੀ ਹੈ। ਉਹ ਰੇਲਵੇ ਇੰਜਣ ਦੇ ਬਾਇਲਰ ਅੱਗੇ ਜਾ ਪਹੁੰਚਦਾ। ਉਹ ਸੋਚਣ ਲੱਗਾ ਕਿ ਜਦੋਂ ਕਦੇ ਕੋਲਾ ਸੁੱਟਦਿਆਂ ਉਸਨੂੰ ਨੀਂਦ ਆ ਜਾਂਦੀ ਤਾਂ ਉਸਨੂੰ ਸ਼ੈੱਡ ਦੇ ਫੋਰਮੈਨ ਦੀਆਂ ਗਾਲ੍ਹਾਂ ਖਾਣੀਆਂ ਪੈਂਦੀਆਂ। ਉਸਨੇ ਆਪਣੇ ਗਰੇਡ ਅਤੇ ਤਰੱਕੀ ਬਾਰੇ ਵੀ ਸੋਚਿਆ ਕਿ ਉਸਦੇ ਸਾਥੀ ਅਫ਼ਸਰਾਂ ਦੀਆਂ ਚਾਪਲੂਸੀਆਂ ਕਰਕੇ ਅੱਗੇ ਨਿਕਲ ਗਏ ਤੇ ਉਹ ਇਮਾਨਦਾਰੀ ਨੂੰ ਜੱਫਾ ਪਾਈ ਬੈਠਾ ਹੈ। ਨਾ ਹੀ ਉਸਦੀ ਕੋਈ ਤਰੱਕੀ ਹੋਈ ਤੇ ਨਾ ਹੀ ਗਰੇਡ ਵਿੱਚ ਕੋਈ ਅਦਲਾ ਬਦਲੀ। ਕੋਲੇ ਨਾਲ ਹੱਥ ਕਾਲੇ ਕਰ ਕੇ ਉਸਦੀ ਜ਼ਿੰਦਗੀ ਵੀ ਧੁਆਂਖੀ ਗਈ।

ਵਿਚਾਰੇ ਗਏ ਪਾਠ ਦੇ ਅਧਾਰ ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

ਪ੍ਰ:3 ਨੀਂਦ ਦੇ ਝੂਟਿਆਂ ਵਿੱਚ ਜੀਊਣ ਸਿੰਘ ਕਿਸ ਕਿਸਮ ਦੀ ਦੁਨਿਆ ਵੇਖਦਾ ਹੈ?

Class-10 Teacher- Ramandeep Kaur
Topic- ਚੰਦੋਆ (ਕਹਾਣੀ) Assignment no-2 Term I

ਪ੍ਰ:4 ਜੀਉਣ ਸਿੰਘ ਦੀ ਤਰੱਕੀ ਕਿਉਂ ਨਹੀਂ ਸੀ ਹੋਈ?

ਉਮੀਦ ਹੈ ਵਿਦਿਆਰਥੀਆਂ ਨੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖ ਲਏ ਹੋਣਗੇ। ਅਸੀਂ ਪਹਿਲਾਂ ਉੱਤਰ 3 ਅਤੇ ਉੱਤਰ 4 ਵਿਚਾਰਾਂਗੇ ਅਤੇ ਫਿਰ ਕਹਾਣੀ ਬਾਰੇ ਅੱਗੇ ਪੜ੍ਹਾਂਗੇ।

ਉੱਤਰ 3 ਜੀਉਣ ਸਿੰਘ ਆਪਣੀ ਨੀਂਦ ਦੇ ਝੂਟਿਆਂ ਵਿੱਚ ਦੋ ਕਿਸਮ ਦੀ ਦੁਨੀਆਂ ਵੇਖ ਗਿਆ ਸੀ - ਇੱਕ, ਉਹ ਆਪਣੇ ਬੱਚਿਆਂ ਨਾਲ ਬਾਬੇ ਦੇ ਦਰਬਾਰ ਚੰਦੋਆ ਚੜ੍ਹਾ ਗਿਆ ਸੀ ਅਤੇ ਦੂਜੀ ਦੁਨੀਆ ਇੰਜਣ ਦੇ ਬਾਇਲਰ ਤੇ ਕੋਲਾ ਪਾਉਣਾ ਅਤੇ ਫੋਰਮੈਨ ਤੋਂ ਗਾਲ੍ਹਾਂ ਖਾਣੀਆਂ।

ਉੱਤਰ 4 ਜੀਉਣ ਸਿੰਘ ਦੀ ਤਰੱਕੀ ਇਸ ਲਈ ਨਹੀਂ ਸੀ ਹੋਈ ਕਿਉਂਕਿ ਉਹ ਆਪਣੇ ਸਾਥੀਆਂ ਵਾਂਗ ਅਫਸਰਾਂ ਦੀ ਚਾਪਲੂਸੀ ਨਹੀਂ ਸੀ ਕਰਦਾ।

ਜੀਉਣ ਸਿੰਘ ਪਰਿਵਾਰ ਸਮੇਤ ਰੇਲ ਗੱਡੀ ਤੋਂ ਉਤਰਿਆ ਤੇ ਟਾਂਗੇ ਤੇ ਬੈਠ ਕੇ ਆਪਣੇ ਸਾਲੇ ਦੀ ਕੋਠੀ ਵੱਲ ਨੂੰ ਕੂਚ ਕੀਤਾ। ਉਹ ਤੇ ਉਸਦਾ ਪਰਿਵਾਰ ਸਾਲੇ ਦੀ ਕੋਠੀ ਅੰਦਰ ਦਾਖਲ ਹੋਏ ਤਾਂ ਉਸਦੇ ਸਾਲੇ ਨੇ ਉਨ੍ਹਾਂ ਨੂੰ ਦੂਰੋਂ ਹੀ ਵੇਖ ਲਿਆ ਸੀ। ਉਸਨੇ ਉਸੇ ਵੇਲੇ ਹੀ ਆਪਣੇ ਮੱਥੇ ਤੇ ਸੌ ਤਿਊੜੀਆਂ ਪਾ ਲਈਆਂ। ਜਦੋਂ ਜੀਉਣ ਸਿੰਘ ਨੇ ਆਪਣੇ ਸਾਲੇ ਨੂੰ ਸਤਿ ਸ੍ਰੀ ਅਕਾਲ ਬੁਲਾਈ ਤਾਂ ਜਿਵੇਂ ਸਾਲੇ ਨੂੰ ਬਿੱਛੂ ਨੇ ਡੰਗ ਲਿਆ ਹੋਵੇ। ਤੂੰ ਕੌਣ? ਮੈਂ ਜੀਉਣ? ਪਛਾਣੀ ਨਹੀਂ ਗਈ ਤੁਹਾਡਾ ਸਾਲਾ ਕਹਿਣ ਲੱਗਿਆ ਅੱਛਾ! ਕੌ

Class-10 Teacher- Ramandeep Kaur
Topic- ਛੁੱਟੀਆ (ਕਹਾਣੀ) Assignment- (2) Term-I

ਆਈਐਂ ਜਿਉਣਿਆ ? ਤੁਰ ਹੀ ਆਉਣੈ ਮਾਮਾ ਜੀ। ਮਾਮਾ ਆਪਣੇ ਦੋਸਤਾਂ ਸਾਹਮਣੇ ਕੁੱਝ ਨਾ ਕਹਿ ਸਕਿਆ। ਉਹ ਇਹ ਹੀ ਨਹੀਂ ਕਹਿ ਸਕਦਾ ਸੀ ਕਿ "ਐਨ ਓਲਡ ਸਰਵੈਂਟ ਓਫ਼ ਮਾਈਨ"। ਕਿਉਂ ਕਿ ਜੀਊਣ ਸਿੰਘ ਨੇ ਮਾਮਾ ਜੀ ਕਹਿ ਕੇ ਸੰਬੋਧਨ ਕੀਤਾ ਸੀ। ਮਾਮਾ ਨਹੀਂ ਸੀ ਚਾਹੁੰਦਾ ਕਿ ਜੀਊਣ ਸਿੰਘ ਵਰਗਾ ਤੁੱਛ ਜਿਹਾ ਬੰਦਾ ਉਸਨੂੰ ਮਾਮਾ ਕਹਿ ਕੇ ਉਸਦੀ ਪੁਜ਼ੀਸ਼ਨ ਖ਼ਰਾਬ ਕਰੇ। ਅਖੀਰ ਜ਼ਹਿਰ ਦੇ ਘੁੱਟ ਵਾਂਗ ਇਸ ਅਜਿਹੇ ਸਦਮੇ ਨੂੰ ਪੀ ਗਏ ਅਤੇ ਕੁੱਝ ਹੋਰ ਦਿਲਚਸਪ ਗੱਲਾਂ ਕਰਨ ਲੱਗੇ ਤਾਂ ਜੋ ਇਹਨਾਂ ਦਾ ਖਿਆਲ ਉਹਨਾਂ ਨੂੰ ਭੁੱਲ ਜਾਏ।

ਦਿੱਤੇ ਗਏ ਪਾਠ ਦੇ ਅਧਾਰ ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

ਪ੍ਰ.5 ਜੀਊਣ ਸਿੰਘ ਰੇਲ ਗੱਡੀ ਤੋਂ ਉੱਤਰ ਕੇ ਕਿੱਥੇ ਪਹੁੰਚਿਆ?

ਪ੍ਰ:6 ਜੀਊਣ ਸਿੰਘ ਦੇ ਮਾਮੇ ਦਾ ਵਤੀਰਾ ਕਿਹੋ ਜਿਹਾ ਸੀ?

ਉਮੀਦ ਹੈ ਤੁਸੀਂ ਤਿੰਨ ਮਿੰਟ ਦੀ ਬਰੇਕ ਤੋਂ ਬਾਅਦ ਉੱਤਰ ਲਿਖ ਲਏ ਹੋਣਗੇ। ਅਸੀਂ ਪਹਿਲਾਂ ਉੱਤਰ 5 ਅਤੇ ਉੱਤਰ 6 ਦਿਖਾਵਾਂਗੇ।

ਉੱਤਰ5 ਜੀਊਣ ਸਿੰਘ ਆਪਣੇ ਪਰਿਵਾਰ ਸਮੇਤ ਰੇਲ ਗੱਡੀ ਤੋਂ ਉੱਤਰ ਕੇ ਟਾਂਗੇ ਤੇ ਬੈਠ ਕੇ ਆਪਣੇ ਮਾਮੇ ਦੇ ਘਰ ਪੁੱਜਿਆ। ਉਸਨੂੰ ਆਪਣੇ ਮਾਮੇ ਤੇ ਬਹੁਤ ਮਾਣ ਸੀ।

Class-10 Teacher- Ramandeep Kaur

Topic - ਛੱਲੀਆ (ਕਹਾਣੀ) Assignment - (2) Term - I

ਉੱਤਰ 6 ਜੀਊਣ ਸਿੰਘ ਦੇ ਮਾਮੇ ਦਾ ਵਤੀਰਾ ਬਹੁਤ ਰੁੱਖਾ ਸੀ। ਆਪਣੇ ਭਾਣਜੇ ਤੇ ਉਸਦੇ ਪਰਿਵਾਰ ਨੂੰ ਵੇਖਕੇ ਉਸਦੇ ਮੱਥੇ ਤੇ ਤਿਊੜੀਆਂ ਚੌ ਗਈਆਂ ਅਤੇ ਮਾਮੇ ਨੂੰ ਮਹਿਸੂਸ ਹੋਇਆ ਕਿ ਇਸ ਤੁੱਛ ਜਹੇ ਬੰਦੇ ਕਾਰਣ ਮੇਰੀ ਦੋਸਤਾਂ ਸਾਹਮਣੇ ਮੇਰੀ ਬਦਨਾਮੀ ਹੋ ਗਈ।

ਸੋ ਵਿਦਿਆਰਥੀਓ ਇਸ ਹਫਤੇ ਅਸੀਂ ਵਿਚਾਰਿਆ ਕਿ ਜੀਊਣ ਸਿੰਘ ਦੇ ਮਾਮੇ ਦਾ ਸੁਭਾਅ ਕਿਸ ਤਰ੍ਹਾਂ ਦਾ ਸੀ। ਉਹ ਆਪਣੇ ਭਾਣਜੇ ਬਾਰੇ ਕੀ ਸੋਚ ਰਖਦਾ ਸੀ। ਅਗਲੇ ਹਫਤੇ ਅਸੀਂ ਵਿਚਾਰਾਂਗੇ ਕੀ ਜੀਊਣ ਸਿੰਘ ਦੇ ਪਰਿਵਾਰ ਨਾਲ ਹੋਰ ਕੀ ਬੀਤੀ ਹੈ।

**ਘਰ ਦਾ ਕੰਮ**

ਵਿਦਿਆਰਥੀ ਕਾਵਿ ਰਚਨਾ ਮੰਡਲ ਦੀ ਅਭਿਆਸ ਪੁਸਤਕ ਦਾ ਪੰਨਾ ਨੰਬਰ 56 ਦੇ ਪ੍ਰਸ਼ਨ 2 (i, ii, iii, iv) ਨੂੰ ਹਲ ਕਰਨਗੇ।

ਧੰਨਵਾਦ

(Last page)